بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.08.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਅਗਸਤ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَاِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਜੋ ਜੰਗਾਂ ਲੜੀਆਂ ਗਈਆਂ ਉਹਨਾ ਦਾ ਵਰਨਣ ਚੱਲ ਰਿਹਾ ਸੀ । ਇਹਨਾ ਵਿੱਚ ਇਕ ਜੰਗ ਜੰਦੀ ਸਾਬੂਰ ਦੀ ਜੰਗ ਹੈ , ਸਾਬੂਰ ਖ਼ੋਜ਼ਸਤਾਨ ਦਾ ਇਕ ਸ਼ਹਿਰ ਸੀ । ਜੱਦ ਹਜ਼ਰਤ ਅਬੂ ਸਿਬਰਹ ਬਿਨ ਰਹਮ ਸਾਸਾਨੀ ਬਸਤੀਆਂ ਦੀ ਜਿੱਤ ਤੋਂ ਵਿਹਲੇ ਹੋਏ ਤਾਂ ਆਪ ਲਸ਼ਕਰ ਨਾਲ ਅੱਗੇ ਵਧੇ । ਸਵੇਰੇ ਸ਼ਾਮ ਦੁਸ਼ਮਣ ਨਾਲ ਮਾਅਰਕੇ ਹੋ ਰਹੇ ਸਨ ਪਰ ਦੁਸ਼ਮਣ ਆਪਣੀ ਥਾਂ ਡਟਿਆ ਹੋਇਆ ਸੀ । ਇਕ ਦਿਨ ਕਿਸੇ ਸਾਧਾਰਣ ਮੁਸਲਮਾਨ ਵੱਲੋਂ ਅਮਾਨ ਦਿੱਤੇ ਜਾਣ ਦੀ ਗੱਲ ਹੋਈ, ਜਿਸ ਨੂੰ ਦੁਸ਼ਮਣਾ ਨੇ ਝੱਟ ਪਰਵਾਨ ਕਰ ਲਿਆ ਅਤੇ ਸ਼ਹਿਰ ਦੇ ਦਰਵਾਜ਼ੇ ਖੋਲ ਦਿੱਤੇ । ਜੱਦ ਮੁਸਲਮਾਨਾ ਨੇ ਦੁਸ਼ਮਣ ਨੂੰ ਪੁੱਛਿਆ ਕਿ ਤੁਹਾਨੂੰ ਕੀ ਹੋ ਗਿਆ ਹੈ ਤਾਂ ਉਹਨਾਂ ਲੋਕਾਂ ਨੇ ਕਿਹਾ ਕਿ ਆਪ ਲੋਕਾਂ ਨੇ ਸਾਨੂੰ ਅਮਾਨ ਦਿਤੱਾ ਹੈ ਅਤੇ ਅਸੀਂ ਉਸਨੂੰ ਪਰਵਾਨ ਕੀਤਾ ਹੈ । ਮੁਸਲਮਾਨਾ ਨੇ ਕਿਹਾ ਕਿ ਅਸੀਂ ਤਾਂ ਅਜਿਹਾ ਨਹੀਂ ਕੀਤਾ, ਪਰੰਤੂ ਬਾਦ ਵਿੱਚ ਪੜਤਾਲ ਕਰਨ'ਤੇ ਪਤਾ ਲਗੱਾ ਕਿ ਇਕ ਗ਼ੁਲਾਮ ਵੱਲੋਂ ਇਹ ਗੱਲ ਕਹੀ ਗਈ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਇਸ ਘਟਨਾ ਨੂੰ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਪਤਾ ਲਗੱਾ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਇਹ ਨਹੀਂ ਹੋ ਸਕਦਾ ਕਿ ਇਕ ਮੁਸਲਮਾਨ ਜ਼ੁਬਾਨ ਦੇ ਬੈਠੇ ਤਾਂ ਮੈਂ ਉਸਨੂੰ ਝੂਠਾ ਕਰਾਂ। ਜੱਦ ਉਹ ਹਬਸ਼ੀ ਜੋ ਮੁਆਇਦਹ (ਸੰਧੀ) ਕਰ ਚੁੱਕਿਆ ਹੈ ਉਹ ਤੁਹਾਨੂੰ ਮੰਨ੍ਹਣਾ ਪਏਗਾ । ਹਾਂ ! ਭਵਿੱਖ ਲਈ ਐਲਾਨ ਕਰ ਦਿਓ ਕਿ ਸਿਵਾਏ ਕਮਾਂਡਰ ਇਨ ਚੀਫ਼ ਦੇ ਕੋਈ ਹੋਰ ਕਿਸੇ ਕੌਮ ਤੋਂ ਮੁਆਇਦਹ ਨਹੀ ਕਰ ਸਕਦਾ ।

ਇਰਾਨ ਦੀ ਜਿੱਤ ਦੇ ਕਾਰਣਾ ਵਿੱਚ ਇਹ ਵਰਨਣ ਹੋਇਆ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਇਹ ਦਿਲੀ ਇਛੱਾ ਸੀ ਕਿ ਇਰਾਕ ਅਤੇ ਅਹਵਾਜ਼ ਨੇ ਮਾਅਰਕਿਆਂ'ਤੇ ਹੀ ਖ਼ੂੰਰੇਜ਼ੀ ਦਾ ਖ਼ਾਤਮਾ ਹੋ ਜਾਵੇ ਪਰ ਇਰਾਨੀ ਹੁਕੂਮਤ ਨਿਰੰਤਰ ਜੰਗੀ ਕਾਰਵਾਈਆਂ ਨੇ ਆਪ ਰਜ਼ੀ ਅਲੱਾਹੁ ਅਨਹੁ ਦੀ ਇਹ ਇਛੱਾ ਪੂਰੀ ਨ ਹੋਣ ਦਿੱਤੀ । ਸਤਾਰ੍ਹਾਂ ਹਿਜਰੀ ਵਿੱਚ ਜੰਗੀ ਮਹਾਜ਼ਾਂ ਤੋਂ ਲਸ਼ਕਰਾਂ ਦੇ ਸਰਦਾਰਾਂ ਦਾ ਇਕ ਜੱਥਾ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਸੇਵਾ ਵਿੱਚ ਹਾਜ਼ਰ ਹੋਇਆ । ਆਪ ਰਜ਼ੀ ਅਲੱਾਹੁ ਅਨਹੁ ਨੇ ਜਿੱਤੇ ਹੋਏ ਖੇਤਰਾਂ ਵਿੱਚ ਵਾਰ ਵਾਰ ਬਗ਼ਾਵਤ ਦੇ ਕਾਰਣ ਪੁੱਛੇ

ਅਤੇ ਇਹ ਸ਼ੰਕਾ ਪ੍ਰਕਟ ਕੀਤੀ ਕਿ ਮੁਸਲਮਾਨ ਜਿੱਤੇ ਹੋਏ ਖੇਤਰਾਂ ਦੇ ਨਿਵਾਸੀਆਂ ਲਈ ਅਵਸ਼ ਹੀ ਕਸ਼ਟ ਦਾ ਸਬਬ ਬਣਦੇ ਹੋਣਗੇ । ਸਾਰਿਆਂ ਸਰਦਾਰਾਂ ਨੇ ਇਸ ਗੱਲ ਦਾ ਖੰਡਨ ਕੀਤਾ ਅਤੇ ਅਹਨਫ਼ ਬਿਨ ਕੈਸ ਨੇ ਕਿਹਾ ਕਿ ਅਮੀਰੁਲ ਮੋਮਿਨੀਨ ! ਆਪ ਨੇ ਤਾਂ ਸਾਨੂੰ ਹੋਰ ਅੱਗੇ ਵਧਣ ਤੋਂ ਰੋਕ ਦਿੱਤਾ ਹੈ ਪਰ ਇਰਾਨ ਦਾ ਬਾਦਸ਼ਾਹ ਜੱਦ ਜਿਉਂਦਾ ਹੈ ਉਹ ਸਾਡੇ ਨਾਲ ਮੁਕਾਬਲਾ ਜਾਰੀ ਰੱਖੇਗਾ । ਆਪ ਰਜ਼ੀ ਅਲੱਾਹੁ ਅਨਹੁ ਦੇ ਹੁਕਮ ਅਨੁਸਾਰ ਅਸੀਂ ਕਿਸੇ ਵੀ ਖੇਤਰ ਨੂੰ ਆਪ ਨਹੀਂ ਲਿਆ ਸਗੋਂ ਦੁਸ਼ਮਣ ਦੇ ਹਮਲਾ ਕਰਨ ਕਰਕੇ ਜਿੱਤਿਆ ਹੈ । ਦੁਸ਼ਮਣ ਦਾ ਇਹ ਰਵੱਯਾ ਉਸ ਸਮੇਂ ਤੱਕ ਜਾਰੀ ਰਹੇਗਾ ਜੱਦ ਤੱਕ ਆਪ ਰਜ਼ੀ ਅਲੱਾਹੁ ਅਨਹੁ ਸਾਨੂੰ ਇਸ ਗੱਅਲ ਦੀ ਆਗਿਆ ਨਹੀਂ ਦੇਣਗੇ ਕਿ ਅਸੀਂ ਫ਼ੌਜੀ ਚੜ੍ਹਾਈ ਕਰਕੇ ਫ਼ਾਰਸ ਦੇ ਬਾਦਸ਼ਾਹ ਨੂੰ ਕੱਢ ਦੇਈਏ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸ ਸਲਾਹ ਨੂੰ ਠੀਕ ਕਿਹਾ ਪਰ ਫਿਰ ਵੀ ਇਸਦਾ ਕਰਮ ਰੁਪੀ ਨਿਰਣਾ ਆਪ ਰਜ਼ੀ ਅਲੱਾਹੁ ਅਨਹੁ ਨੇ 21 ਹਿਜਰੀ ਵਿੱਚ ਨਿਹਾਵੰਦ ਦੇ ਮਾਅਰਕੇ ਦੇ ਬਾਦ ਕੀਤਾ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇੱਥੇ ਉਹ ਮੁਸਲਮਾਨ ਜੋ ਅਕਾਰਣ ਹੀ ਜੰਗ ਕਰਨ ਦਾ ਜਵਾਜ਼ ਪੇਸ਼ ਕਰਦੇ ਹਨ ਅਤੇ ਉਹ ਲੋਕ ਜੋ ਇਸਲਾਮ'ਤੇ ਇਤਰਾਜ਼ ਕਰਦੇ ਹਨ ਦੋਹਾਂ ਲਈ ਉੱਤਰ ਆ ਗਿਆ ਹੈ ਕਿ ਮੁਸਲਮਾਨਾਂ ਦੇ ਕਦੇ ਵੀ ਜ਼ਮੀਨਾ ਹਾਸਲ ਕਰਨ ਲਈ ਜਾਂ ਦੇਸ਼ ਫ਼ਤਹਿ ਕਰਨ ਲਈ ਜੰਗਾਂ ਨਹੀਂ ਕੀਤੀਆਂ ।

ਇਰਾਨੀ ਜਿਤੱਾਂ ਵਿੱਚ ਕਾਦਸੀਆ, ਜਲੋਲਾਅ ਅਤੇ ਨਿਹਾਵੰਦ ਇਹਨਾ ਤਿੰਨ੍ਹਾ ਮਾਅਰਕਿਆਂ ਨੂੰ ਨਿਰਣਾਇਕ ਜਿੱਤ ਦੀ ਹੈਸੀਯਤ ਪ੍ਰਾਪਤ ਹੈ । ਨਿਹਾਵੰਦ ਦੀ ਜੰਗ ਇਰਾਨੀਆਂ ਵੱਲੋਂ ਹਮਲੇ ਦਾ ਅੰਤਮ ਜਤਨ ਸੀ । ਹਮਜ਼ਾਨ ਦਾ ਨਿਹਾਵੰਦ ਸੂਬਾ ਰਾਜਧਾਨੀ ਹਮਜ਼ਾਨ ਤੋਂ ਲਗਭਗ ਸਤੱਰ ਕਿਲਕੋਮੀਟਰ ਦੀ ਦੂਰੀ'ਤੇ ਦਖੱਣ ਵੱਲ ਸਿਥਿਤ ਹੈ । ਸ਼ਾਹੇ ਇਰਾਨ ਯਜ਼ਦ ਜਰਦ ਨੇ ਬਹੁਤ ਸਰਗਰਮੀ ਨਾਲ ਮੁਸਲਮਾਨਾ ਦੇ ਮੁਕਾਬਲੇ ਲਈ ਆਪਣੇ ਪਤੱਰਾਂ ਰਾਹੀਂ ਖ਼ੁਰਾਸਾਨ ਤੋਂ ਸਿੰਧ ਤੱਕ ਇਕ ਹਰਕਤ ਪੈਦਾ ਕਰ ਦਿੱਤੀ। ਚਾਰੇ ਪਾਸਿਓਂ ਇਰਾਨੀ ਫ਼ੌਜ ਉਮਡਕੇ ਨਿਹਾਵੰਦ ਵਿੱਚ ਇਕੱਠੀ ਹੋਣ ਲੱਗੀ । ਹਜ਼ਰਤ ਸਅਦ ਰਜ਼ੀ ਅਲੱਾਹੁ ਅਨਹੁ ਨੇ ਇਸ ਲਸ਼ਕਰ ਦੀ ਸੂਚਨਾ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਦਿੱਤੀ । ਆਪ ਰਜ਼ੀ ਅਲੱਾਹੁ ਅਨਹੁ ਨੇ ਆਪ ਨੂੰ ਅੱਡ ਕਰਕੇ ਇਹ ਮਹਤੱਵਪੂਰਨ ਉਹਦਾ ਹਜ਼ਰਤ ਅਮੱਾਰ ਬਿਨ ਯਾਸਿਰ ਰਜ਼ੀ ਅਲੱਾਹੁ ਅਨਹੁ ਨੂੰ ਦੇ ਦਿਤੱਾ । ਮਦੀਨੇ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮਹਾਨ ਰੁਤਬਿਆਂ ਵਾਲੇ ਸਹਾਬਾ ਨੂੰ ਸਲਾਹ ਲਈ ਇਕੱਠਿਆਂ ਕੀਤਾ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਹਿਜਾਜ਼ ਦੀਆਂ ਫ਼ੌਜਾਂ ਨਾਲ ਆਪ ਜਾਣ ਦਾ ਤੇ ਸ਼ਾਮ, ਯਮਨ ਤੇ ਕੂਫ਼ਾ ਤੋਂ ਫ਼ੌਜਾ ਨਿਹਾਵੰਦ ਮੰਗਵਾਉਣ ਦਾ ਮਸ਼ਵਰਾਹ ਦਿਤੱਾ । ਹੋਰਨਾ ਸਹਾਬਾ ਨੇ ਤਾਂ ਇਸ ਮਸਵਰੇ ਨੂੰ ਪਸੰਦ ਕੀਤਾ, ਪਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਇਸ ਸਲਾਹ ਦਾ ਪ੍ਰਕਟਣ ਕੀਤਾ ਕਿ ਜੇਕਰ ਆਪ ਰਜ਼ੀ ਅਲੱਾਹੁ ਅਨਹੁ ਆਪ ਚਲ ਪਏ ਤਾਂ ਮੁਸਲਮਾਨ ਆਪ ਰਜ਼ੀ ਅਲੱਾਹੁ ਅਨਹੁ ਦੇ ਸਾਥ ਲਈ ਉਮਡ ਪੈਣਗੇ ਅਤੇ ਇਉਂ ਇਕ ਵਡੱਾ ਖ਼ਤਰਾ ਇੱਥੇ ਪੈਦਾ ਹੋ ਜਾਵੇਗਾ । ਸੋ, ਆਪ ਰਜ਼ੀ ਅਲੱਾਹੁ ਅਨਹੁ ਮੁਸਲਿਮ ਪ੍ਰਾਂਤਾਂ ਨੂੰ ਸੰਦੇਸ਼ ਭੇਜਣ ਕਿ ਉਹ ਇਕ ਫ਼ੌਜ ਦਾ ਇਕ ਇਕ ਭਾਗ ਇਰਾਨ ਭੇਜਣ ਅਤੇ ਬਾਕੀ ਫ਼ੌਜ ਆਪਣੇ ਆਪਣੇ ਖੇਤਰ ਦੀ ਸੁਰੱਖਿਆ ਲਈ ਉੱਥੇ ਹੀ ਰਹਿਣ । ਹਜ਼ਰਤ ਉਮਰ ਨੇ ਇਸ ਮਸ਼ਵਰੇ ਨੂੰ ਪਸੰਦ ਕਰਦਿਆਂ ਹੋਇਆਂ ਹਜ਼ਰਤ ਨੁਅਮਾਨ ਬਿਨ ਮਕਰਨ ਰਜ਼ੀ ਅਲੱਾਹੁ ਅਨਹੁ ਨੂੰ ਲਸ਼ਕਰ ਦਾ ਕਮਾਂਡਰ ਨਿਯੁਕਤ ਕੀਤਾ । ਆਪ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਨੁਅਮਾਨ ਰਜ਼ੀ ਅਲੱਾਹੁ ਅਨਹੁ ਨੂੰ ਕੂਫ਼ਾ ਪਤੱਰ ਲਿੱਖਿਆ ਕਿ ਬਿਸਮਿਲੱਾਹਿਰ ਰਹਮਾਨ ਨਿਰੱਹੀਮ ਨੁਅਮਾਨ ਬਿਨ ਮਕਰਨ ਦੇ ਨਾਂ ਸਲਾਮੁ ਅਲੈਕ, ਫਿਰ ਲਿੱਖਿਆ ਕਿ ਮੈਂ ਰੱਬ ਦੀ ਪ੍ਰਸ਼ੰਸਾ ਕਰਦਾ ਹਾਂ ਜਿਸ ਤੋਂ ਬਿਨਾ ਕੋਈ ਪੂਜਕ ਨਹੀਂ । ਇਸ ਤੋਂ ਬਾਦ ਮੈਂਨੂੰ ਸੂਚਨਾ ਮਿਲੀ ਹੈ ਕਿ ਇਰਾਨੀਆਂ ਦਾ ਇਕ ਬਹੁਤ ਵਡੱਾ ਲਸ਼ਕਰ ਸ਼ਹਿਰ ਨਿਹਾਵੰਦ ਵਿੱਚ ਤੁਹਾਡੇ ਮੁਕਾਬਲੇ ਲਈ ਇਕਠੱਾ ਹੋਇਆ ਹੈ । ਮੇਰਾ ਇਹ ਪਤੱਰ ਜੱਦ ਤੁਹਾਨੂੰ ਮਿਲੇ ਤਾਂ ਰੱਬ ਦੇ ਹੁਕਮ ਅਤੇ ਉਸਦੀ ਪਖੱਤਾ ਤੇ ਸਹਾਇਤਾ ਨਾਲ ਆਪਣੇ ਸਾਥੀ ਮੁਸਲਮਾਨਾ ਨੂੰ ਲੈਕੇ ਰਵਾਨਾ ਹੋ ਜਾਓ । ਪਰ ਉਹਨਾ ਨੂੰ ਅਜਿਹੇ ਖ਼ੁਸ਼ਕ ਖੇਤਰ ਵਿੱਚ ਨ ਲੈ ਜਾਣ ਜਿੱਥੇ ਚਲਣਾ ਔਖਾ ਹੋਵੇ, ਉਹਨਾ ਦੇ ਹੱਕ ਪੂਰੇ ਕਰਨ ਵਿੱਚ ਘਾਟ

ਨ ਕਰਨਾ, ਕਿਤੇ ਇਹ ਨ ਹੋਵੇ ਕਿ ਉਹ ਨਾਸ਼ੁਕਰੇ ਬਣਨ ਅਤੇ ਨ ਹੀ ਕਿਸੇ ਦਲਦਲੀ ਖੇਤਰ ਵਿੱਚ ਲੈ, ਜਾਣਾ ਕਿਉਂਕਿ ਇਕ ਮੁਸਲਮਾਨ ਮੈਨੂੰ ਇਕ ਲੱਖ ਦੀਨਾਰ ਤੋਂ ਵੀ ਵੱਧ ਪਿਆਰਾ ਹੈ । ਵਸੱਲਾਮ ਅਲੈਕ ।

ਇਸ ਹੁਕੁਮ ਦੀ ਪੈਰ੍ਹਵੀ ਵਿੱਚ ਹਜ਼ਰਤ ਨੁਅਮਾਨ ਰਜ਼ੀ ਅਲੱਾਹੁ ਅਨਹੁ ਦੁਸ਼ਮਣ ਦੇ ਮੁਕਾਬਲੇ ਲਈ ਰਵਾਨਾ ਹੋਏ, ਆਪ ਦੇ ਨਾਲ ਕਈ ਵੱਡੇ ਬਹਾਦਰ ਮੁਸਲਮਾਨ ਵੀ ਇਸ ਮਾਰਅਰਕੇ ਵਿੱਚ ਸ਼ਾਮਲ ਹੋਏ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਨਿਰਦੇਸ਼ ਦਿਤੱਾ ਕਿ ਜੇਕਰ ਨੁਅਮਾਨ ਸ਼ਹੀਦ ਹੋ ਜਾਣ ਤਾਂ ਹਜ਼ੀਫ਼ਾ ਬਿਨ ਯਮਾਨ ਅਤੇ ਉਹਨਾ ਦੇ ਬਾਦ ਜਰੀਰ ਬਿਨ ਅਬਦੁਲੱਾਹ ਬਜਲੀ, ਫਿਰ ਮਗ਼ੀਰਾ ਬਿਨ ਸ਼ਅਬਾ ਫਿਰ ਅਸ਼ਅਸ ਬਿਨ ਕੈਸ ਅਮੀਰ ਹੋਣ । ਹਜ਼ਰਤ ਨੁਅਮਾਨ ਨੇ ਜਸੂਸਾਂ ਰਾਹੀਂ ਇਹ ਪਤਾ ਲਾਇਆ ਕਿ ਨਿਹਾਵੰਦ ਤੱਕ ਦਾ ਮਾਰਗ ਸਾਫ਼ ਹੈ । ਇਤਿਹਾਸਕਾਰਾਂ ਨੇ ਇਰਾਨੀ ਲਸ਼ਕਰ ਦੀ ਗਿਣਤੀ ਸੱਠ ਹਜ਼ਾਰ ਅਤੇ ਇਕ ਲੱਖ ਲਿਖੀ ਹੈ ਪਰ ਹਾਂ ਬੁਖ਼ਾਰੀ ਵਿੱਚ ਗਿਣਤੀ ਚਾਲ੍ਹੀ ਹਜ਼ਾਰ ਵਰਨਣ ਕੀਤੀ ਗਈ ਹੈ । ਦੁਸ਼ਮਣ ਦੀ ਮੰਗ'ਤੇ ਗੱਲਬਾਤ ਲਈ ਹਜ਼ਰਤ ਮਗ਼ੀਰਾਹ ਬਿਨ ਸ਼ਅਬਾ ਉਹਨਾਂ ਕੋਲ ਗਏ । ਇਰਾਨੀਆਂ ਨੇ ਬਹੁਤ ਸ਼ਾਨ ਸ਼ੌਕਤ ਨਾਲ ਇਕ ਸਭਾ ਆਯੋਜਤ ਕੀਤੀ ਅਤੇ ਇਰਾਨੀ ਸਿਪਾਸਾਲਾਰ ਨੇ ਪੁਰਾਣੀਆਂ ਲੀਹਾਂ ਅਨੁਸਾਰ ਅਰਬ ਵਾਸੀਆਂ ਦੇ ਜੀਵਨ ਦਾ ਹਰ ਇਕ ਪੱਖ ਬਹੁਤ ਹੀ ਨਿਰਾਦਰ ਭਰਿਆ ਨਕਸ਼ਾ ਖਿੱਚਿਆ । ਹਜ਼ਰਤ ਮਗ਼ੀਰਾਹ ਨੇ ਉਤੱਰ ਵਿੱਚ ਫ਼ਰਮਾਇਆ ਕਿ ਹੁਣ ਉਹ ਜ਼ਮਾਨਾ ਗਿਆ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰਕਟ ਹੋਣ ਨੇ ਅਰਬ ਦਾ ਨਕਸ਼ਾ ਹੀ ਬਦਲ ਦਿਤੱਾ ਹੈ । ਸੋ, ਇਹ ਸਭਾ ਅਸਫ਼ਲ ਹੋਈ ।

ਜੰਗ ਦੇ ਅਰੰਭ ਵਿੱਚ ਝੜਪਾਂ ਸ਼ੁਰੂ ਹੋਈਆਂ ਤਾਂ ਰਣਖੇਤਰ ਦੀ ਹਾਲਤ ਮੁਸਲਮਾਨਾ ਲਈ ਅਤਿ ਘਾਟੇ ਤੇ ਹਾਣੀਕਾਰਕ ਸੀ । ਦੁਸ਼ਮਣ ਮੋਰਚਿਆਂ, ਕਿਲਿਆਂ ਤੇ ਘਰਾਂ ਕਰਕੇ ਸੁਰੱਖਿਅਤ ਸੀ । ਮੁਸਲਮਾਨ ਖੁੱਲੇ ਮੈਦਾਨ ਵਿੱਚ ਸਨ । ਦੁਸ਼ਮਣ ਜੱਦ ਉਚਿਤਿ ਜਾਣਦਾ ਬਾਹਰ ਨਿਕਲਕੇ ਅਚਨਚੇਤ ਹਮਲਾ ਕਰ ਦਿੰਦਾ । ਇਹਨਾ ਖ਼ਤਰਿਆਂ ਭਰੇ ਹਾਲਾਤਾਂ ਵਿੱਚ ਇਸਲਾਮੀ ਲਸ਼ਕਰ ਦੇ ਅਮੀਰ ਨੁਅਮਾਨ ਬਿਨ ਮਕਰਨ ਨੇ ਸਲਾਹ ਲਈ ਸਭਾ ਆਯੋਜਿਤ ਕੀਤੀ । ਵੱਖ ਵੱਖ ਸਲਾਹਵਾਂ ਨੇ ਬਾਦ ਤਲੈਹਾ ਵੱਲੋਂ ਇਹ ਸਲਾਹ ਸਾਹਮਣੇ ਆਈ ਕਿ ਦੁਸ਼ਮਣ ਵੱਲ ਇਕ ਛੋਟਾ ਜਿਹਾ ਜਥੱਾ ਰਵਾਨਾ ਕੀਤਾ ਜਾਵੇ ਜੋ ਤੀਰਾਂ ਨਾਲ ਜੰਗ ਨੂੰ ਭੜਕਾਏ । ਜੱਦ ਦੁਸ਼ਮਣ ਮੁਕਾਬਲੇ ਲਈ ਨਿਕਲੇ ਤਾਂ ਜਥੱਾ ਇਉਂ ਪ੍ਰਕਟ ਕਰੇ ਕਿ ਸੰਭਵਤਾ ਉਹ ਹਾਰ ਰਹੇ ਹਨ । ਆਸ ਹੈ ਕਿ ਜਿੱਤ ਦੇ ਲੋਭ ਵਿੱਚ ਦੁਸ਼ਮਣ ਹੋਰ ਅੱਗੇ ਵਧੇਗਾ ਅਤੇ ਜੱਦ ਉਹ ਬਾਹਰ ਖੁੱਲੇ ਮੈਦਾਨ ਵਿੱਚ ਆਏਗਾ ਤਾਂ ਅਸੀਂ ਉਸਨੂੰ ਚੰਗੀ ਤਰ੍ਹਾਂ ਦੇਖ ਲਵਾਂਗੇ । ਹਜ਼ਰਤ ਨੁਅਮਾਨ ਰਜ਼ੀ ਅਲੱਾਹੁ ਅਨਹੁ ਨੇ ਇਸ ਵਿਉਂਤ ਨੂੰ ਉਚਿਤ ਜਾਣਦਿਆਂ ਹਜ਼ਰਤ ਕਅਕਾਅ ਰਜ਼ੀ ਅਲੱਾਹੁ ਅਨਹੁ ਦੀ ਚੋਣ ਕੀਤੀ । ਉਹਨਾਂ ਨੇ ਤਲੈਹਾ ਦੀ ਵਿਉਂਤ ਉਪੱਰ ਅਮਲ ਕੀਤਾ ਫਿਰ ਠੀਕ ਉਹੋ ਹੀ ਹੋਇਆ ਜੋ ਤਲੈਹਾ ਦਾ ਖ਼ਿਆਲ ਸੀ । ਹਜ਼ਰਤ ਨੁਅਮਾਨ ਰਜ਼ੀ ਅਲੱਾਹੁ ਅਨਹੁ ਆਸ਼ਿਕੇ ਰਸੂਲ ਸਨ ਅਤੇ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦਾ ਇਹ ਤਰੀਕਾ ਸੀ ਕਿ ਜੇਕਰ ਸਵੇਰੇ ਜੰਗ ਸ਼ੁਰੂ ਨ ਹੁੰਦੀ ਤਾਂ ਫਿਰ ਸੂਰਜ ਢਲੱਣ ਮਗਰੋਂ ਲੜਾਈ ਦੇ ਕਦਮ ਚੁਕੱਦੇ । ਜੱਦ ਦੁਸ਼ਮਣ ਦੀਆਂ ਫ਼ੋਜਾਂ ਅੱਗੇ ਵਧੱਦੀਆਂ ਹੋਈਆਂ ਇਸਲਾਮੀ ਲਸ਼ਕਰ ਦੇ ਨੇੜੇ ਪਹੁੰਚ ਗਈਆਂ ਤਾਂ ਕਈ ਮੁਸਲਮਾਨ ਸਿਪਾਹੀਆਂ ਨੇ ਮੁਕਾਬਲੇ ਲਈ ਬੇਕਰਾਰ ਹੋਕੇ ਹਜ਼ਰਤ ਨੁਅਮਾਨ ਕੋਲ ਆਗਿਆ ਲੈਂਣ ਲਈ ਪਹੁੰਚੇ । ਹਜ਼ਰਤ ਨੁਅਮਾਨ ਨੇ ਆਗਿਆ ਨ ਦਿੱਤੀ । ਕਈ ਮਹਤੱਵਪੂਰਨ ਸਰਦਾਰਾਂ ਨੇ ਵੀ ਆਪਨੂੰ ਮੁਕਾਬਲੇ ਦੀ ਆਗਿਆ ਦੇਣ ਦੀ ਸਲਾਹ ਦਿੱਤੀ, ਪਰ ਆਪ ਸਬਰ ਦੀ ਤਲਕੀਨ ਕਰਦੇ ਰਹੇ । ਦੁਪਹਿਰ ਢਲੱਣ ਦੇ ਬਾਦ ਹਜ਼ਰਤ ਨੁਅਮਾਨ ਨੇ ਸਾਰੇ ਲਸ਼ਕਰ ਦਾ ਚਕੱਰ ਲਾਇਆ ਫਿਰ ਅਤਿਅੰਤ ਦੁੱਖ ਭਰੇ ਸ਼ਬਦਾਂ ਵਿੱਚ ਭਾਸ਼ਣ ਦਿਤੱਾ ਅਤੇ ਆਪਣੀ ਸ਼ਹੀਦੀ ਲਈ ਦੁਆ ਕੀਤੀ ਜਿਸਨੂੰ ਲੋਕ ਸੁਣਕੇ ਰੋਣ ਲੱਗੇ । ਸੂਝਬੂਝ ਅਨੁਸਾਰ ਮੌਕਾ ਆਣ'ਤੇ ਮੁਸਲਮਾਨ ਦੁਸ਼ਮਣਾ'ਤੇ ਟੁੱਟ ਪਏ । ਹਜ਼ਰਤ ਨੁਅਮਾਨ ਅਤਿਅੰਤ ਦਲੇਰੀ ਨਾਲ ਲੜਦਿਆਂ ਹੋਇਆਂ ਸ਼ਹੀਦ ਹੋਏ ਪਰ ਹਜ਼ਰਤ ਹਜ਼ੀਫ਼ਾ ਬਿਨ ਯਮਾਨ ਅਤੇ ਨਈਮ ਬਿਨ ਮਕਰਨ ਨੇ ਜੰਗ ਦਾ ਸਿਟੱਾ ਨਿਕਲਣ ਤੱਕ ਆਪ ਦੀ ਸ਼ਹੀਦੀ ਨੂੰ ਗੁਪਤ ਰੱਖਿਆ । ਇਕ ਹੋਰ ਰਿਵਾਇਤ ਵਿੱਚ ਮੁਅਕਲ ਤੋਂ ਰਿਵਾਇਤ ਹੈ ਕਿ

ਜਿੱਤ ਮਗਰੋ ਮੈਂ ਹਜ਼ਰਤ ਨੁਅਮਾਨ ਰਜ਼ੀ ਅਲੱਾਹੁ ਅਨਹੁ ਕੋਲ ਆਇਆ ਅਜੇ ਉਹਨਾ ਵਿੱਚ ਜੀਵਨ ਦੀ ਰਮਕ ਬਾਕੀ ਸੀ, ਮੈਂ ਉਹਨਾਂ ਦੇ ਪੁਛੱਣ'ਤੇ ਦੱਸਿਆ ਕਿ ਰੱਬ ਵੱਲੋਂ ਜਿੱਤ ਪ੍ਰਾਪਤ ਹੋ ਗਈ ਹੈ । ਇਸ'ਤੇ ਉਹਨਾਂ ਨੇ ਕਿਹਾ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਸੂਚਨਾ ਦੇ ਦਿਓ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਅਤਿਅੰਤ ਗੰਭੀਰਤਾ ਨਾਲ ਲੜਾਈ ਦੇ ਸਿੱਟਿਆਂ ਦੇ ਉਡੀਕਵਾਨ ਸਨ, ਜਿਸ ਰਾਤ ਲੜਾਈ ਦੀ ਆਸ਼ਾ ਸੀ ਉਹ ਰਾਤ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਬਹੁਤ ਹੀ ਬੇਚੈਨੀ ਨਾਲ ਜਾਗ ਕੇ ਲੰਘਾਈ ਰਿਵਾਇਤ ਕਰਨ ਵਾਲੇ ਕਹਿੰਦੇ ਹਨ ਕਿ ਐਨ੍ਹੇ ਦੁੱਖ ਨਾਲ ਦੁਆ ਵਿੱਚ ਲੀਨ ਰਹੇ ਕਿ ਇਉਂ ਲਗੱਦਾ ਸੀ ਕਿ ਕੋਈ ਗਰਭਵਤੀ ਇਸਤਰੀ ਕਸ਼ਟ ਵਿੱਚ । ਦੂਤ ਜਿੱਤ ਦੀ ਖ਼ੁਸ਼ਖ਼ਬਰੀ ਲੈਕੇ ਮਦੀਨੇ ਪਹੁੰਚਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਅਲਹਮਦੁਲਿਲੱਾਹ ਕਿਹਾ ਅਤੇ ਨੁਅਮਾਨ ਦਾ ਹਾਲ ਪੁੱਛਿਆ । ਦੂਤ ਨੇ ਸ਼ਹੀਦੀ ਦੀ ਖ਼ਬਰ ਸੁਣਾਈ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਬਹੁਤ ਦੁੱਖ ਪਹੁੰਚਿਆ ਅਤੇ ਸਿਰ'ਤੇ ਹੱਥ ਧਰਕੇ ਰੋਂਦੇ ਰਹੇ । ਦੂਤ ਨੇ ਹੋਰਨਾ ਸ਼ਹੀਦਾਂ ਦੇ ਨਾਂ ਸੁਣਾਏ ਅਤੇ ਕਿਹਾ ਕਿ ਅਮੀਰੁਲ ਮੋਮਿਨੀਨ ਹੋਰ ਵੀ ਬਹੁਤ ਸਾਰੇ ਮੁਸਲਮਾਨ ਸ਼ਹੀਦ ਹੋਏ ਹਨ। ਜਿੰਨ੍ਹਾ ਨੂੰ ਆਪ ਨਹੀਂ ਜਾਣਦੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਰੋਂਦੇ ਹੋਏ ਬੋਲੇ ਉਮਰ ਉਹਨਾ ਨੂੰ ਨਹੀਂ ਜਾਣਦਾ ਤਾਂ ਉਹਨਾ ਨੂੰ ਇਸ ਦਾ ਕੋਈ ਹਾਣ ਨਹੀਂ, ਰੱਬ ਤਾਂ ਉਹਨਾਂ ਨੂੰ ਜਾਣਦਾ ਹੈ । ਬੇਸ਼ਕ ਮੁਸਲਮਾਨਾ ਵਿੱਚ ਅਪਰੀਚਿਤ ਹਨ ਪਰ ਰੱਬ ਨੇ ਉਹਨਾ ਨੂੰ ਸ਼ਹੀਦੀ ਦੇਕੇ ਪਾਕ ਕਰ ਦਿਤੱਾ ਹੈ । ਰੱਬ ਉਹਨਾ ਨੂੰ ਪਛਾਣਦਾ ਹੈ ਉਮਰ ਦੇ ਪਛਾਣਨ ਤੋਂ ਕੀ ਗੱਲ । ਮਾਅਰਕੇ ਦੇ ਬਾਦ ਮੁਸਲਮਾਨਾ ਨੇ ਹਮਜ਼ਾਨ ਤੱਕ ਪਿਛੱਾ ਕੀਤਾ । ਇਹ ਦੇਖਕੇ ਇਰਾਨੀ ਸਰਦਾਰ ਖ਼ੁਸਰ ਤੇ ਸ਼ਨੂਮ ਨੇ ਹਮਜ਼ਾਨ ਤੇ ਰਸਤਗੀ ਦੇ ਸ਼ਹਿਰਾਂ ਵੱਲੋਂ ਇਸ ਜ਼ਮਾਨਤ'ਤੇ ਸੰਧੀ ਕਰ ਲਈ ਕਿ ਇਹਨਾਂ ਸ਼ਹਿਰਾਂ ਵਿੱਚ ਮੁਸਮਲਨਾਂ'ਤੇ ਹਮਲਾ ਨਹੀਂ ਹੋਵੇਗਾ । ਇਸਲਾਮੀ ਲਸ਼ਕਰ ਨੇ ਸ਼ਹਿਰ ਨਿਹਾਵੰਦ ਉਪੱਰ ਕਬਜ਼ਾ ਕਰ ਲਿਆ । ਨਿਹਾਵੰਦ ਦੀ ਜਿੱਤ ਆਪਣੇ ਸਿੱਟੇ ਦੇ ਪੱਖੋਂ ਬਹੁਤ ਮਹਤੱਵਪੂਰਨ ਸੀ । ਇਸ ਦੇ ਬਾਦ ਇਰਾਨੀਆਂ ਨੂੰ ਇਕ ਥਾਂ ਇਤਕੱਠੇ ਹੋਕੇ ਮੁਕਾਬਲਾ ਕਰਨ ਦਾ ਮੋਕਾ ਨਹੀਂ ਮਿਲਿਆ ਅਤੇ ਮੁਸਮਾਨ ਇਸ ਥਾਂ ਨੂੰ 'ਫ਼ਤਹੁਲ ਫ਼ੁਤੂਡ' ਦੇ ਨਾਂ ਨਾਲ ਚੇਤੇ ਕਰਨ ਲੱਗੇ । ਨਿਹਾਵੰਦ ਦੇ ਬਾਦ ਮੁਸਲਮਾਨਾ ਨੇ ਅਸਫ਼ਹਾਨ ਤੇ ਹਮਜ਼ਾਨ ਨੂੰ ਫ਼ਤਹਿ ਕੀਤਾ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਮੁਹਮੱਦ ਦਯਾਨਤੋਨੇ ਸਾਹਬ ਮੁਬਲਗ਼ ਸਿਲਸਿਲਾ ਇੰਡੋਨੇਸ਼ੀਆ, ਮੁਕਰੱਮ ਸਾਹਿਬਜ਼ਾਦਾ ਫ਼ਰਹਾਨ ਲਤੀਫ਼ ਆਫ਼ ਸ਼ਿਕਾਗੋ ਅਮਰੀਕਾ ਅਤੇ ਮੁਕਰੱਮ ਮਲਕ ਮੁਬੱਸ਼ਰ ਅਹਮਦ ਸਾਹਬ ਲਹੋਰ ਸਾਬਕ ਅਮੀਰ ਜਾਮਤ ਦਾਊਦ ਖ਼ੇਲ ਮਿਆਨਾਂਵਾਲੀ ਪਾਕਿਸਤਾਨ ਦਾ ਜ਼ਿਕਰੇ ਖ਼ੇਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਂਣ ਦਾ ਐਲਾਨ ਵੀ ਕੀਤਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا
مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ ۔ عِبَادَ اللّٰهِ رحمکم الله اِنَّ اللّٰهَ يَاْمُرُ بِالْعَدْلِ
وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ
لَكُمْ وَلَذِكْرُ اللّٰهِ اَكْبَرُ۔

**Khulasa Khutba Jumma 20.08.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131